

# NOVO NORDISK
# RESPONSE PROGRAM

## ਪ੍ਰੋਗਰਾਮ ਸਬੰਧੀ ਜਾਣਕਾਰੀ

Novo Nordisk Response Program (ਨੋਵੋ ਨੋਰਡਿਸਕ ਰਿਸਪੌਂਸ ਪ੍ਰੋਗਰਾਮ) (www.nnrp.ca) ਕੈਨੇਡਾ ਆਉਣ ਵਾਲੇ ਨਵੇਂ ਆਵਾਸੀਆਂ ਅਤੇ ਸ਼ਰਨਾਰਥੀਆਂ ਲਈ ਹੈ ਜਿਹਨਾਂ ਦੀ ਦਵਾ ਦੇ ਬੀਮੇ ਤਕ ਕੋਈ ਪਹੁੰਚ ਨਹੀਂ ਹੈ ਅਤੇ ਜਿਹਨਾਂ ਕੋਲ ਆਪਣੀ Novo Nordisk ਇਨਸੁਲਿਨਾਂ ਅਤੇ ਸੂਈਆਂ ਦਾ ਖਰਚਾ ਝੱਲਣ ਲਈ ਵਿੱਤੀ ਸਾਧਨ ਨਹੀਂ ਹਨ।

## ਪ੍ਰੋਗਰਾਮ ਦੇ ਵੇਰਵੇ

Novo Nordisk Response Program, ਇੱਕ ਮਰੀਜ਼ ਦਾ Novo Nordisk Response Program ਲਾਭ ਕਾਰਡ ਕਿਰਿਆਸ਼ੀਲ ਹੋਣ ਦੀ ਮਿਤੀ ਤੋਂ 120 ਦਿਨਾਂ ਤਕ ਚੋਣਵੀਂ Novo Nordisk ਇਨਸੁਲਿਨ(ਇਨਸੁਲਿਨਾਂ) ਅਤੇ ਸੂਈਆਂ ਪ੍ਰਦਾਨ ਕਰਦਾ ਹੈ।

ਇਸ ਪ੍ਰੋਗਰਾਮ ਦਾ ਇਰਾਦਾ **ਅਸਥਾਈ** ਸਹਿਯੋਗ ਪ੍ਰਦਾਨ ਕਰਨਾ ਹੈ ਜਦਕਿ ਮਰੀਜ਼ ਪ੍ਰਾਈਵੇਟ / ਪੂਰਕ ਦਵਾ ਬੀਮਾ ਸੁਰੱਖਿਅਤ ਕਰਦੇ ਹਨ ਜਾਂ ਇੱਕ ਜਨਤਕ ਦਵਾ ਪ੍ਰੋਗਰਾਮ ਲਈ ਅਰਜ਼ੀ ਦਿੰਦੇ ਹਨ।

ਜੇਕਰ Novo Nordisk Response Program ਦੇ ਕਿਰਿਆਸ਼ੀਲ ਹੋਣ ਦੇ 120 ਦਿਨਾਂ ਦੇ ਅੰਦਰ ਪ੍ਰਾਈਵੇਟ/ਪੂਰਕ ਜਾਂ ਜਨਤਕ ਦਵਾ ਬੀਮਾ ਹਾਸਲ ਹੋ ਜਾਂਦਾ ਹੈ, ਤਾਂ ਇਸ ਮਗਰੋਂ Novo Nordisk Response Program ਦੇ ਲਾਭ ਸਮਾਪਤ ਹੋ ਜਾਂਦੇ ਹਨ।

## ਪ੍ਰੋਗਰਾਮ ਦੇ ਲਾਭ ਕਾਰਡ

Novo Nordisk Response Program ਦੇ ਲਾਭ ਕਾਰਡ ਮਰੀਜ਼ਾਂ ਨੂੰ ਉਹਨਾਂ ਦੇ ਸਿਹਤ-ਸੰਭਾਲ ਪੇਸ਼ੇਵਰ ਦੁਆਰਾ ਪ੍ਰਦਾਨ ਕੀਤੇ ਜਾਂਦੇ ਹਨ।

## ਇਨਸੁਲਿਨ ਪ੍ਰਦਾਨ ਕਰ ਰਹੀਆਂ ਡਿਵਾਈਸਾਂ ਲਈ ਸਹਿਯੋਗ

- FlexTouch® ਇੰਜੈਕਸ਼ਨ ਪ੍ਰਦਰਸ਼ਨ ਵੀਡਿਓ (ਅੰਗਰੇਜ਼ੀ)
- NovoPen® 4 ਇੰਜੈਕਸ਼ਨ ਪ੍ਰਦਰਸ਼ਨ ਵੀਡਿਓ (ਅੰਗਰੇਜ਼ੀ)
- NovoPen® Echo® ਇੰਜੈਕਸ਼ਨ ਪ੍ਰਦਰਸ਼ਨ ਵੀਡਿਓ (ਅੰਗਰੇਜ਼ੀ)

## ਹੋਰ ਸਵਾਲ ਹਨ?

Novo Nordisk Response Program ਬਾਰੇ ਵਧੇਰੀ ਜਾਣਕਾਰੀ ਲਈ, Novo Nordisk ਕਸਟਮਰ ਕੇਅਰ ਨਾਲ 1-800-465-4334 'ਤੇ ਸੰਪਰਕ ਕਰੋ।

CA24DI00020 – 03/2024

NOVO NORDISK

RESPONSE PROGRAM

novo nordisk®

## ਉਤਪਾਦ ਦੇ ਨਾਲ ਸ਼ਾਮਲ ਚੀਜ਼ਾਂ

| | |
|---|---|
| **Tresiba®** | 2467860 - Tresiba® Penfill®<br>2467879 - Tresiba® U-100 FlexTouch®<br>2467887 - Tresiba® U-200 FlexTouch® |
| **NovoRapid®** | 2244353 - NovoRapid® Penfill®<br>2245397 - NovoRapid® ਸ਼ੀਸ਼ੀ |
| **Levemir®** | 2271842 - Levemir® Penfill® |
| **NovoMix®** | 2265435 - NovoMix® 30 Penfill® |
| **Novolin® ge 30/70** | 2025248 - Novolin® ge 30/70 Penfill®<br>2024217 - Novolin® ge 30/70 ਸ਼ੀਸ਼ੀ |
| **Novolin® ge NPH** | 2024268 - Novolin® ge NPH Penfill®<br>2024225 - Novolin® ge NPH ਸ਼ੀਸ਼ੀ |
| **Novolin® ge Toronto** | 2024284 - Novolin® ge Toronto Penfill®<br>2024233 - Novolin® ge Toronto ਸ਼ੀਸ਼ੀ |
| **ਸੂਈਆਂ** | NovoFine® 32G Tip etw x 6 ਮਿਲੀਮੀਟਰ |

## NovoPen® ਉਪਲਬਧਤਾ

**NovoPen® 4** ਡਿਵਾਈਸ ਫਾਰਮੇਸੀ 'ਤੇ ਮਰੀਜ਼ਾਂ ਲਈ ਮੁਫ਼ਤ ਵਿੱਚ ਉਪਲਬਧ ਹਨ।

**NovoPen® Echo®** ਡਿਵਾਈਸ ਸਿਹਤ-ਸੰਭਾਲ ਪੇਸ਼ੇਵਰ ਦੇ ਦਫਤਰ ਵਿਖੇ ਜਾਂ ਕਿਸੇ ਸਥਾਨਕ ਡਾਇਬੀਟੀਜ਼ ਏਜੁਕੇਸ਼ਨ ਸੈਂਟਰ ਵਿਖੇ, ਬੇਨਤੀ 'ਤੇ ਉਪਲਬਧ ਕਰਾਏ ਜਾ ਸਕਦੇ ਹਨ। ਇਸਦੇ ਅਤਿਰਿਕਤ, ਫਾਰਮਾਸਿਸਟ Novo Nordisk ਕਸਟਮਰ ਕੇਅਰ ਨਾਲ ਇੱਥੇ ਸੰਪਰਕ ਕਰਕੇ NovoPen® Echo® ਡਿਵਾਈਸਾਂ ਦੀ ਸੀਮਤ ਮਾਤਰਾਵਾਂ ਵਿੱਚ ਬੇਨਤੀ ਕਰ ਸਕਦੇ ਹਨ: 1-800-465-4334।

ਇਸ ਪ੍ਰੋਗਰਾਮ ਵਿੱਚ ਸ਼ਾਮਲ ਉਤਪਾਦ of Novo Nordisk Canada Inc.
ਦੀ ਇਕਮਾਤਰ ਇੱਛਾ ਉੱਤੇ ਹਨ ਅਤੇ ਕਿਸੇ ਪੂਰਵ ਸੂਚਨਾ ਦੇ ਬਿਨਾਂ ਬਦਲੇ ਜਾ ਸਕਦੇ ਹਨ।

# NOVO NORDISK
# RESPONSE PROGRAM

## ਅਕਸਰ ਪੁੱਛੇ ਗਏ ਸਵਾਲ

### → ਕੀ ਲਾਭ ਕਾਰਡ ਨੂੰ ਇੱਕ ਤੋਂ ਜ਼ਿਆਦਾ Novo Nordisk ਦਵਾ ਲਈ ਵਰਤਿਆ ਜਾ ਸਕਦਾ ਹੈ?

ਹਾਂ! Novo Nordisk Response Program ਲਾਭ ਕਾਰਡ ਨੂੰ ਇੱਕੋ ਕਵਰ ਕੀਤੀ ਚਿਕਿਤਸਾ ਜਾਂ Novo Nordisk ਦੀਆਂ ਕਵਰ ਕੀਤੀਆਂ ਇਨਸੁਲਿਨਾਂ ਦੇ ਕਿਸੇ ਸੁਮੇਲ ਲਈ ਰਿਡੀਮ ਕੀਤਾ ਜਾ ਸਕਦਾ ਹੈ।

### → ਕੀ Novo Nordisk Response Program ਦੇ ਲਾਭ ਕਾਰਡ ਨੂੰ ਇੱਕ ਤੋਂ ਜ਼ਿਆਦਾ ਵਾਰ ਵਰਤਿਆ ਜਾ ਸਕਦਾ ਹੈ?

ਹਾਂ! ਉਹੀਓ ਲਾਭ Novo Nordisk Response Program ਲਾਭ ਕਾਰਡ 120 ਦਿਨਾਂ ਤਕ ਦੇ ਸਮੇਂ ਲਈ ਇਨਸੁਲਿਨ ਰਿਫੀਲ ਲਈ ਵਰਤਿਆ ਜਾ ਸਕਦਾ ਹੈ। ਨਾਲ ਹੀ, Novo Nordisk Response Program ਹਰ ਲਾਭ ਕਾਰਡ ਰਿਡੀਮ ਹੋਣ 'ਤੇ 1 ਬਾਕਸ ਸੂਈਆਂ ਪ੍ਰਦਾਨ ਕਰਦਾ ਹੈ (ਅਧਿਕਤਮ 4 ਬਾਕਸ ਤਕ)।

### → ਕੀ Novo Nordisk Response Program ਦੇ ਲਾਭ ਕਾਰਡ ਦੀ ਮਿਆਦ ਪੁੱਗਦੀ ਹੈ?

Novo Nordisk Response Program ਨੂੰ ਕੈਨੇਡਾ ਵਿੱਚ ਆਏ ਨਵੇਂ ਲੋਕਾਂ ਲਈ ਅਸਥਾਈ ਰਾਹਤ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਸੀ। Program ਦਾ ਲਾਭ ਕਾਰਡ 120 ਦਿਨਾਂ ਲਈ Novo Nordisk ਦੀਆਂ ਚੋਣਵੀਆਂ ਇਨਸੁਲਿਨਾਂ ਅਤੇ ਸੂਈਆਂ ਤਕ ਪਹੁੰਚ ਨੂੰ ਯਕੀਨੀ ਬਣਾਉਂਦਾ ਹੈ। 120 ਦਿਨਾਂ ਦੇ ਅੰਦਰ, ਪ੍ਰੋਗਰਾਮ ਪ੍ਰਾਪਤਕਰਤਾਵਾਂ ਨੂੰ ਪ੍ਰਾਈਵੇਟ / ਪੂਰਕ ਦਵਾ ਬੀਮਾ ਖਰੀਦਣ ਲਈ ਜਾਂ ਭਿੰਨ-ਭਿੰਨ ਸੂਬਾਈ ਅਤੇ ਖੇਤਰੀ ਜਨਤਕ ਦਵਾ ਪ੍ਰੋਗਰਾਮਾਂ ਲਈ ਅਰਜ਼ੀ ਦੇਣ ਦੀ ਹੱਲਾਸ਼ੇਰੀ ਦਿੱਤੀ ਜਾਂਦੀ ਹੈ।

ਜੇਕਰ Novo Nordisk Response Program ਦੇ ਕਿਰਿਆਸ਼ੀਲ ਹੋਣ ਦੇ 120 ਦਿਨਾਂ ਦੇ ਅੰਦਰ ਪ੍ਰਾਈਵੇਟ/ਪੂਰਕ ਜਾਂ ਜਨਤਕ ਦਵਾ ਬੀਮਾ ਹਾਸਲ ਹੋ ਜਾਂਦਾ ਹੈ, ਤਾਂ ਇਸ ਮਗਰੋਂ Novo Nordisk Response Program ਦੇ ਲਾਭ ਸਮਾਪਤ ਹੋ ਜਾਂਦੇ ਹਨ।



# NOVO NORDISK
# RESPONSE PROGRAM

### → ਕੀ ਸ਼ਾਮਲ ਕੀਤੀ Novo Nordisk ਇਨਸੁਲਿਨ ਲਈ ਕੋਈ ਲਾਗਤ ਜਾਂ ਫੀਸ ਹੁੰਦੀ ਹੈ?

ਨਹੀਂ। Novo Nordisk Response Program, Novo Nordisk ਦੁਆਰਾ ਬਣਾਈ ਦਵਾ ਅਤੇ ਸੁਈਆਂ ਦੀ ਲਾਗਤ ਦੇ ਨਾਲ-ਨਾਲ ਉਦਯੋਗ ਮਿਆਰ ਦੇ ਮਾਰਕ-ਅੱਪ ਅਤੇ ਵਿਤਰਨ ਫੀਸਾਂ ਨੂੰ ਕਵਰ ਕਰਦਾ ਹੈ।

### → ਕੀ Novo Nordisk Response Program ਵਿੱਚ ਸੁਈਆਂ ਸ਼ਾਮਲ ਹਨ?

ਇਸ ਪ੍ਰੋਗਰਾਮ ਵਿੱਚ ਚੋਣਵੀਆਂ ਸੁਈਆਂ ਸ਼ਾਮਲ ਕੀਤੀਆਂ ਗਈਆਂ ਹਨ। Novo Nordisk Response Program ਹਰ ਲਾਭ ਕਾਰਡ ਰਿਡੀਮ ਹੋਣ 'ਤੇ 1 ਬਾਕਸ ਸੁਈਆਂ ਪ੍ਰਦਾਨ ਕਰਦਾ ਹੈ (ਅਧਿਕਤਮ 4 ਬਾਕਸ ਤਕ)।

### → ਮੈਂ ਭਿੰਨ-ਭਿੰਨ ਸੂਬਾਈ ਅਤੇ ਖੇਤਰੀ ਜਨਤਕ ਦਵਾ ਲਾਭ ਪ੍ਰੋਗਰਾਮਾਂ ਉੱਤੇ ਜ਼ਿਆਦਾ ਜਾਣਕਾਰੀ ਕਿੱਥੇ ਪ੍ਰਾਪਤ ਕਰ ਸਕਦਾ/ਸਕਦੀ ਹਾਂ?

ਜ਼ਿਆਦਾ ਜਾਣਕਾਰੀ ਲਈ ਕੈਨੇਡਾ ਸਰਕਾਰ ਦੀ ਵੈੱਬਸਾਈਟ ਉੱਤੇ ਸਥਿਤ Provincial and Territorial Public Drug Programs (ਸੂਬਾਈ ਅਤੇ ਖੇਤਰੀ ਜਨਤਕ ਦਵਾ ਪ੍ਰੋਗਰਾਮ) ਪੰਨੇ 'ਤੇ ਜਾਓ।